بسم اللہ الرحمٰن الرحیم نحمدہ و نصلی علی رسولہ الکریم وعلی عبدہ المسیح الموعود
لا الٰہ الا اللہ محمد رسول اللہ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜਲਸਾ ਸਲਾਨਾ ਬਰਤਾਨੀਆ 2024 ਈ ਵਿੱਚ ਨਾਜ਼ਲ ਹੋਣ ਵਾਲੇ ਰੱਬ ਦੇ ਫ਼ਜ਼ਲਾਂ, ਜਲਸਾ ਸਲਾਨਾ ਸੰਬੰਧੀ ਮਹਿਮਾਨਾਂ ਦੇ ਵਿਚਾਰਾਂ ਦਾ ਜ਼ਿਕਰ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 02 ਅਗਸਤ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ اِيَّاكَ نَعْبُدُ وَاِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ اَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ

ਅੱਲਹਮਦੁਲਿਲਆਹ ! ਪਿਛਲੇ ਹਫ਼ਤੇ ਜਲਸਾ ਸਲਾਨਾ ਯੂ ਕੇ ਰੱਬ ਦੇ ਫ਼ਜ਼ਲਾਂ ਦੇ ਨਜ਼ਾਰੇ ਵਿਖਾਂਦਾ ਹੋਇਆ ਖਤਮ ਹੋਇਆ। ਇਹ ਤਿੰਨ ਦਿਨ ਬਹੁਤ ਬਰਕਤਾਂ ਵਾਲੇ ਦਿਨ ਸਨ। ਜਿਨ੍ਹਾਂ ਨੇ ਆਪਣੀਆਂ ਅਤੇ ਗੈਰਾਂ ਸਭ ਉੱਤੇ ਇੱਕ ਚੰਗਾ ਪ੍ਰਭਾਵ ਛੱਡਿਆ। ਕੁੱਝ ਗੈਰਾਂ ਦੇ ਵਿਚਾਰ ਬਿਆਨ ਕਰਾਂਗਾ। ਪਰ ਉਸ ਤੋਂ ਪਹਿਲਾਂ ਮੈਂ ਸੇਵਾਦਾਰਾਂ ਦਾ ਧੰਨਵਾਦ ਕਰਾਂਗਾ। ਜਿਨ੍ਹਾਂ ਨੇ ਜਲਸੇ ਤੋਂ ਪਹਿਲਾਂ, ਜਲਸੇ ਦੇ ਦੌਰਾਨ ਅਤੇ ਜਲਸੇ ਦੇ ਬਾਦ ਵੀ ਪ੍ਰਬੰਧ ਕਰਨ ਅਤੇ ਸਮੇਟਣ ਵਿੱਚ ਆਪਣਾ ਕਿਰਦਾਰ ਅਦਾ ਕੀਤਾ ਅਤੇ ਹਾਲੇ ਵੀ ਕਰ ਰਹੇ ਹਨ। ਰੱਬ ਦੇ ਫ਼ਜ਼ਲ ਨਾਲ ਅਹਮਦੀ ਔਰਤਾਂ, ਮਰਦ ਅਤੇ ਬੱਚੇ ਇਹਨਾਂ ਸਾਰੀਆਂ ਦੀ ਅਜਿਹੀ ਖ਼ੂਬੀ ਹੈ ਜਿਸ ਦੀ ਗੈਰ ਵੀ ਪ੍ਰਸ਼ੰਸ਼ਾ ਕਰਦੇ ਹਨ ਅਤੇ ਇਹ ਚੁੱਪ ਚਾਪ ਕੀਤਾ ਜਾਣ ਵਾਲਾ ਪ੍ਰਚਾਰ ਹੁੰਦਾ ਹੈ। ਜੋ ਇਹ ਸੇਵਾਦਾਰ ਆਪਣਾ ਕਰਤੱਵ ਅਦਾ ਕਰਦੇ ਹੋਏ ਕਰ ਰਹੇ ਹੁੰਦੇ ਹਨ। ਜਲਸੇ ਦੇ ਸਾਰੇ ਵਿਭਾਗਾਂ ਦੇ ਸੇਵਾਦਾਰਾਂ ਦਾ ਇਸ ਵਿੱਚ ਮਹੱਤਵਪੂਰਨ ਹਿੱਸਾ ਹੈ। ਭਾਵੇਂ ਉਹ ਦਾਖਲੀ ਰਾਹਾਂ, ਗੇਟਾਂ, ਚੈੱਕਇੰਗ, ਪਾਰਕਿੰਗ, ਖਾਣਾ ਖਿਲਾਉਣ, ਖਾਣਾ ਪਕਾਉਣ ਜਾਂ ਸਫਾਈ ਉੱਤੇ ਹਨ। ਬੱਚਿਆਂ ਦੀਆਂ ਡਿਯੂਟੀਆਂ ਹਨ। ਜੋ ਪਾਣੀ ਪਿਲਾਉਣ ਜਾਂ ਵੱਖੋ ਵੱਖ ਥਾਵਾਂ ਉੱਤੇ ਡਿਯੂਟੀ ਦੇ ਰਹੇ ਹਨ। ਹਰ ਪ੍ਰਕਾਰ ਨਾਲ ਹਰ ਵਿਭਾਗ ਬਹੁਤ ਕੁਸ਼ਲ ਨਜ਼ਰ ਆਉਂਦਾ ਹੈ ਅਤੇ ਧੰਨਵਾਦ ਦਾ ਪਾਤਰ ਹੈ।

ਬਹੁਤ ਸਾਰੇ ਲੋਕ ਇਸ ਸੰਬੰਧੀ ਪ੍ਰਸ਼ੰਸ਼ਾ ਭਰਪੂਰ ਸ਼ਬਦ ਸੇਵਾਦਾਰਾਂ ਸੰਬੰਧੀ ਕਹਿੰਦੇ ਹਨ, ਲਿਖ ਕੇ ਭੇਜਦੇ ਹਨ ਅਤੇ ਆਪਣੇ ਵਿਚਾਰ ਵੀ ਛੱਡ ਕੇ ਜਾਂਦੇ ਹਨ। ਸੰਸਾਰ ਦੇ ਵੱਖੋ ਵੱਖ ਦੇਸ਼ਾਂ ਵਿੱਚ ਬਹਿਠੇ ਲੋਕ ਵੀ ਧੰਨਵਾਦ ਕਰਦੇ ਹਨ ਕਿ ਸਾਨੂੰ ਐਮ ਟੀ ਏ ਰਾਹੀਂ ਜਲਸੇ ਦਾ ਪ੍ਰੋਗਰਾਮ ਸੁਚਾਰੂ ਢੰਗ ਨਾਲ ਪਹੁੰਚਾ। ਸੋ,

ਉਹਨਾਂ ਸਾਰੇ ਸੇਵਾਦਾਰਾਂ ਦਾ ਮੈਂ ਵੀ ਧੰਨਵਾਦ ਕਰਨਾ। ਇਸ ਸਾਲ ਬਰਤਾਨੀਆ ਦੇ ਸੇਵਾਦਾਰਾਂ ਤੋਂ ਬਿਨਾਂ ਮਾਰੀਸ਼ਸ ਤੋਂ ਵੀ ਪਹਿਲੀ ਵਾਰ ਬਹੁਤ ਵੱਡੀ ਗਿਣਤੀ ਵਿੱਚ ਨੌਜਵਾਨ ਅਤੇ ਸੇਵਾਦਾਰ ਆਏ ਅਤੇ ਬਹੁਤ ਚੰਗਾ ਕੰਮ ਕੀਤਾ। ਕਨੇਡਾ ਤੋਂ ਨੌਜਵਾਨ ਆਏ ਹਨ। ਜੋ ਕੰਮ ਸਮੇਟਣ ਵਿੱਚ ਮਦਦ ਕਰ ਰਹੇ ਹਨ।

ਪ੍ਰੈਸ ਅਤੇ ਮੀਡੀਆ ਦੀ ਕਵਰੇਜ ਵੀ ਇਸ ਸਾਲ ਬਹੁਤ ਹੋਈ ਹੈ। ਟਰੈਫਿਕ ਦਾ ਪ੍ਰਬੰਧ ਬਹੁਤ ਚੰਗਾ ਸੀ। ਗੁਆਂਡੀ ਵੀ ਖੁਸ਼ ਰਹੇ। ਉਹਨਾਂ ਦੇ ਖਿਆਲ ਵਿੱਚ ਹਾਜ਼ਰੀ ਪਿਛਲੇ ਸਾਲ ਤੋਂ ਘੱਟ ਸੀ। ਜੋ ਇਨ੍ਹਾਂ ਆਰਾਮ ਨਾਲ ਟਰੈਫਿਕ ਚੱਲਦਾ ਰਿਹਾ। ਜੱਦਕਿ ਹਾਜ਼ਰੀ ਪਿਛਲੇ ਸਾਲੋਂ 02 ਹਜ਼ਾਰ ਵੱਧ ਸੀ ਅਤੇ ਜੱਦ ਉਹਨਾਂ ਨੂੰ ਦੱਸਿਆ ਤਾਂ ਬਹੁਤ ਹੈਰਾਨ ਸੀ। ਬਹੁਤ ਚੰਗਾ ਪ੍ਰਬੰਧ ਸੀ। ਇਸ ਇਲਾਕੇ ਦੇ ਇੱਕ ਕੌਂਸਲਰ ਸਾਡੇ ਅਹਮਦੀ ਹਨ। ਜੋ ਮੁਰੱਬੀ ਵੀ ਹਨ। ਉਹਨਾਂ ਨੇ ਸਭ ਗੁਆਂਡੀਆਂ ਨਾਲ ਸੰਬੰਧ ਅਤੇ ਟਰੈਫਿਕ ਪਲੈਨਿੰਗ ਵਿੱਚ ਬਹੁਤ ਚੰਗਾ ਕਿਰਦਾਰ ਅਦਾ ਕੀਤਾ ਹੈ।

ਰੱਬ ਵਿਚਾਰ ਪ੍ਰਕਟ ਕਰਨ ਵਾਲਿਆਂ ਦੇ ਦਿਲਾਂ ਨੂੰ ਵੀ ਖੋਲੇ ਅਤੇ ਉਹ ਵੀ ਅਹਮਦੀਅਤ ਦੇ ਸੰਦੇਸ਼ ਦੇ ਹਕੀਕੀ ਅਰਥ ਸਮਝਣ ਵਾਲੇ ਹੋਣ ਅਤੇ ਅਸੀਂ ਉਸ ਉਦੇਸ਼ ਨੂੰ ਪ੍ਰਾਪਤ ਕਰਨ ਵਾਲੇ ਹੋਈਏ। ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਂਣ ਦਾ ਸੀ।

ਫਰੈਂਚ ਗਿਆਨਾ ਤੋਂ ਇਸਮਾਈਲ ਸਾਹਿਬ ਜਲਸੇ ਵਿੱਚ ਸ਼ਾਮਿਲ ਹੋਏ। ਜਲਸੇ ਦੇ ਦੌਰਾਨ ਉਹਨਾਂ ਨੂੰ ਬੈਅਤ ਦੀ ਤੌਫ਼ੀਕ ਮਿਲੀ। ਕਹਿੰਦੇ ਹਨ ਕਿ ਮੈਂ ਆਪਣੇ ਜੀਵਨ ਵਿੱਚ ਅਜਿਹਾ ਸਮਾਗਮ ਜਿੱਥੇ ਸੰਸਾਰ ਦੀ ਸਾਰੀ ਵੱਡੀ ਭਾਸ਼ਾਵਾਂ ਅਤੇ ਨਸਲਾਂ ਜਮ੍ਹਾਂ ਹੋਣ ਕਦੇ ਨਹੀਂ ਵੇਖਿਆ। ਇਸ ਜਲਸੇ ਵਿੱਚ ਸ਼ਾਮਿਲ ਹੋ ਕੇ ਮੇਰਾ ਈਮਾਨ, ਵਿਸ਼ਵਾਸ ਵਿੱਚ ਬਦਲ ਗਿਆ ਹੈ ਕਿ ਇਹ ਸੱਚੀ ਅਤੇ ਮੁਹੱਮਦ ਸੱਲਲਾਹੁ ਅਲੈਹਿ ਵੱਸਲਮ ਦੀ ਜਮਾਤ ਹੈ। ਜੇਕਰ ਅਸੀਂ ਸਾਡੇ ਨਬੀ ਸੱਲਲਾਹੁ ਅਲੈਹਿ ਵੱਸਲਮ ਦੀ ਆਵਾਜ਼ ਉੱਤੇ ਲਬੈਕ ਕਹਿੰਦੇ ਹੋਏ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਜ਼ਮਾਨੇ ਦਾ ਈਮਾਨ ਨ ਮੰਨਿਆ ਤਾਂ ਅਸੀਂ ਗੁਮਰਾਹ ਹੋ ਜਾਣਗੇ

ਜਪਾਨ ਤੋਂ ਆਏ ਹੋਏ ਬੁੱਧ ਮੱਤ ਦੇ ਚੀਫ਼ ਪ੍ਰੀਸਟ ਸਾਹਿਬ ਕਹਿੰਦੇ ਹਨ ਕਿ ਪਹਿਲੇ ਦਿਨ ਤੋਂ ਲੈ ਕੇ ਅੰਤਿਮ ਦਿਨ ਦੇ ਅੰਤਿਮ ਸਮੇਂ ਤੱਕ ਸੇਵਾਦਾਰਾਂ ਦਾ ਜੋਸ਼ ਅਤੇ ਜਜ਼ਬਾ ਇੱਕੋ ਜਿਹਾ ਸੀ। ਉਹ ਮੈਨੂੰ ਵੀ ਮਿਲੇ ਮੈਂ ਉਹਨਾਂ ਨੂੰ ਕਿਹਾ ਕਿ ਇੱਕ ਰੱਬ ਉੱਤੇ ਈਮਾਨ ਹੋਣਾ ਜ਼ਰੂਰੀ ਹੈ। ਉਹ ਕਹਿੰਦੇ ਕਿ ਮੈਂ ਬੁੱਧ ਮੱਤ ਦਾ ਪੈਰੋਂਕਾਰ ਹੋਣ ਕਰਕੇ ਇੱਕ ਰੱਬ ਨੂੰ ਨਹੀਂ ਮੰਨਦਾ। ਪਰ ਮੇਰਾ ਦਿਲ ਇਹੀ ਕਹਿੰਦਾ ਹੈ ਕਿ ਇਸ ਬ੍ਰਹਿਮੰਡ ਦਾ ਕੋਈ ਸਿਰਜਣਹਾਰ ਅਤੇ ਮਾਲਿਕ ਹੈ ਅਤੇ ਅਸੀਂ ਸਭ ਉਸ ਦੀ ਸਿਰਜਣਾ ਹਨ ਅਤੇ ਅਸੀਂ ਉਸ ਸਿਰਜਣਹਾਰ ਅਤੇ ਮਾਲਿਕ ਰੱਬ ਦੀ ਨੇੜਤਾ ਪ੍ਰਾਪਤ ਕਰ ਸਕਦੇ ਹਨ। ਸੋ, ਕੁੱਝ ਨ ਕੁੱਝ ਉਹਨਾਂ ਵਿੱਚ ਰੱਬ ਵੱਲ੍ਹ ਕਦਮ ਵਧਾਉਣ ਦਾ ਖਿਆਲ ਪੈਦਾ ਹੋਇਆ ਹੈ।

ਕੋਸੋਵੋ ਦੇ ਇੱਕ ਮਹਿਮਾਨ ਕਹਿੰਦੇ ਹਨ ਕਿ ਖਲੀਫ਼ਾ ਦੀਆਂ ਤਕਰੀਰਾਂ ਸੁਣ ਕੇ ਆਪਣੇ ਅੰਦਰ ਇੱਕ ਤਬਦੀਲੀ ਪੈਦਾ ਹੁੰਦੇ ਵੇਖਦਾ ਹਾਂ। ਇਸ ਮਾਹੌਲ ਨੇ ਮੇਰੇ ਅੰਦਰ ਇਸਲਾਮ ਅਹਮਦੀਅਤ ਦੀ ਇੱਕ ਮੁਹੱਬਤ

ਭਰ ਦਿੱਤੀ ਹੈ। ਜਿੱਥੇ ਮੈਂ ਜਾਵਾਂਗਾ ਲੋਕਾਂ ਨੂੰ ਇਸ ਪਾਸੇ ਧਿਆਨ ਦੇਣ ਲਈ ਕਹਾਂਗਾ ਕਿ ਅਹਮਦੀਅਤ ਦੀ ਹਕੀਕੀ ਸਿੱਖਿਆਵਾਂ ਨੂੰ ਪੜ੍ਹੋ।

ਚਿੱਲੀ ਦੀ ਨੈਸ਼ਨਲ ਹਕੂਮਤ ਵਿੱਚ ਡਾਇਰੈਕਟਰ ਆਫ਼ ਵਰਸ਼ਿਪ ਵਜੋਂ ਕੰਮ ਕਰਨ ਵਾਲੇ ਇੱਕ ਮਹਿਮਾਨ ਕਹਿੰਦੇ ਹਨ। ਮੈਂ ਜਮਾਤ ਅਹਮਦੀਆਂ ਬਾਰੇ ਦੇਸ਼ ਵਿੱਚ ਸਥਾਪਿਤ ਮੁਸਲਿਮ ਤਨਜੀਮਾਂ ਨੂੰ ਪੁੱਛਿਆ ਤਾਂ ਸਭ ਨੇ ਉਲਟ ਵਿਚਾਰ ਬਿਆਨ ਕੀਤੇ ਕਿ ਇਹ ਮੁਸਲਮਾਨ ਨਹੀਂ ਹਨ। ਜਲਸੇ ਵਿੱਚ ਆਪ ਦੇ ਖਲੀਫ਼ਾ ਨਾਲ ਮੁਲਾਕਾਤ ਹੋਈ। ਜਿਸ ਦੇ ਬਾਦ ਮੈਂ ਵਚਨ ਦੇਣਾ ਕਿ ਮੈਂ ਆਪਣਾ ਭਰਪੂਰ ਕਿਰਦਾਰ ਅਦਾ ਕਰਾਂਗਾ ਅਤੇ ਆਪਣੀ ਪਛਾਣ ਦੇ ਲੋਕਾਂ ਸਾਮ੍ਹਣੇ ਆਪਣੇ ਜ਼ਾਤੀ ਅਨੁਭਵ ਪ੍ਰਕਟ ਕਰਾਂਗਾ ਕਿ ਅਹਮਦੀ ਨ ਕੇਵਲ ਮੁਸਲਮਾਨ ਹਨ। ਸਗੋਂ ਸਰਵੋਤਮ ਅਤੇ ਉੱਚਤਮ ਮੁਸਲਮਾਨ ਹਨ।

ਹਾਲੈਂਡ ਤੋਂ ਆਈ ਇੱਕ ਔਰਤ ਨੇ ਕਿਹਾ ਕਿ ਇਸ ਜਲਸੇ ਵਿੱਚ ਸੰਸਾਰ ਦੇ ਵੱਖੋ ਵੱਖ ਖੇਤਰਾਂ ਤੋਂ ਬਹੁਤ ਸਾਰੇ ਲੋਕ ਆਏ ਹਨ। ਅਜੀਬ ਭਾਈਚਾਰੇ ਦਾ ਇੱਕ ਪ੍ਰਕਟਾਵਾ ਸੀ। ਆਲਮੀ ਬੈਅਤ ਦਾ ਨਜ਼ਾਰਾ, ਜੀਵਨ ਭਰ ਯਾਦ ਰੱਖਾਂਗੀ। ਸੰਸਾਰ ਵਿੱਚ ਹਰ ਵਿਅਕਤੀ ਜੇਕਰ ਮਨੁੱਖਤਾ ਲਈ ਹਮਦਰਦੀ ਅਤੇ ਸਮਝ-ਬੂਝ ਪੈਦਾ ਕਰੇ। ਜਿਵੇਂ ਜਮਾਤ ਕਰ ਰਹੀ ਹੈ ਤਾਂ ਯਕੀਨੀ ਤੌਰ ਉੱਤੇ ਆਲਮੀ ਮਸਲੇ ਹੱਲ ਕੀਤੇ ਜਾ ਸਕਦੇ ਹਨ

ਅਰਜਨਟਾਈਨ ਦੀ ਨੈਸ਼ਨਲ ਸੈਕਟਰੀ ਆਫ਼ ਵਰਸ਼ਿਪ ਦੀ ਨੁਮਾਇੰਦਗੀ ਵਿੱਚ ਆਉਣ ਵਾਲੇ ਇੱਕ ਮਹਿਮਾਨ ਬਿਆਨ ਕਰਦੇ ਹਨ ਕਿ ਮੈਂ ਵੇਖਿਆ ਕਿ ਕਿਵੇਂ ਕੁਸ਼ਲਤਾ ਅਤੇ ਪ੍ਰਬੰਧ ਨਾਲ ਆਪ ਇੰਨ੍ਹੇ ਲੋਕਾਂ ਨੂੰ ਸਾਂਭ ਰਹੇ ਹਨ। ਜੋ ਸਾਡੇ ਦੇਸ਼ ਵਿੱਚ ਅਸੰਭਵ ਹੈ। ਖਲੀਫ਼ਾ ਦਾ ਔਰਤਾਂ ਨਾਲ ਖਿਤਾਬ ਮੈਨੂੰ ਚੰਗਾ ਲੱਗਿਆ ਆਪ ਲੋਕ ਸਮਾਜ ਦੇ ਦਬਾਓ ਅਤੇ ਪੱਛਮੀ ਸੰਸਾਰ ਦੇ ਪ੍ਰਭਾਵ ਦੇ ਬਾਦ ਵੀ ਪੱਕੇ ਪੈਰੀਂ ਆਪਣੇ ਅਸੂਲਾਂ ਉੱਤੇ ਕਾਯਮ ਹਨ।

ਤਾਈਵਾਨ ਤੋਂ ਆਈ ਹੋਈ ਇੱਕ ਮਹਿਮਾਨ ਡਾਕਟਰ ਨੇ ਕਿਹਾ ਕਿ ਮੈਂ ਅਜਿਹਾ ਸਮਾਗਮ ਕਦੇ ਨਹੀਂ ਵੇਖਿਆ। ਜਿਸ ਦਾ ਪ੍ਰਬੰਧ ਸੇਵਾ ਭਾਵ ਨਾਲ ਕੀਤਾ ਜਾ ਰਿਹਾ ਹੈ। ਔਰਤਾਂ ਤੋਂ ਖਿਤਾਬ ਦੇ ਦੌਰਾਨ ਅੰਦਾਜ਼ਾ ਹੋ ਰਿਹਾ ਸੀ ਕਿ ਅਹਮਦੀ ਬੱਚਿਆਂ ਅਤੇ ਨੌਜਵਾਨ ਨਸਲ ਦਾ ਆਪਣੇ ਖਲੀਫ਼ਾ ਨਾਲ ਕਿਨ੍ਹਾਂ ਪ੍ਰੇਮ ਹੈ।

ਯੋਰਅਗੋਏ ਦੀ ਗੈਰ ਅਹਮਦੀ ਪੱਤਰਕਾਰ ਮਹਿਮਾਨ ਨੇ ਕਿਹਾ ਕਿ ਜਲਸਾ ਸਲਾਨਾ ਦਾ ਮੇਰਾ ਰੂਹਾਨੀ ਜ਼ਿੰਦਗੀ ਉੱਤੇ ਬਹੁਤ ਪ੍ਰਭਾਵ ਪਿਆ ਹੈ। ਮੇਰੇ ਲਈ ਸਭ ਤੋਂ ਯਾਦਗਾਰ ਸਮਾਂ ਮਰਦਾਂ ਨੂੰ ਦੁਆ ਦੇ ਸਮੇਂ ਰੌਂਦੇ ਹੋਏ ਵੇਖਣਾ ਸੀ।

ਕੋਸਟਾਰੀਕਾ ਤੋਂ ਆਈ ਹੋਈ ਇੱਕ ਮਹਿਮਾਨ ਨੇ ਕਿਹਾ ਕਿ ਜਲਸਾ ਸਲਾਨਾ ਵਿੱਚ ਸ਼ਾਮਿਲ ਹੋ ਕੇ ਮੈਨੂੰ ਹੈਰਾਨੀ ਵੀ ਹੋਈ ਅਤੇ ਖੁਸ਼ੀ ਵੀ ਕਿ ਜਮਾਤ ਅਹਮਦੀਆ ਵਿੱਚ ਔਰਤ ਨੂੰ ਮਰਦ ਦੇ ਸਮਾਨ ਕੰਮ ਦਿੱਤਾ ਜਾਂਦਾ ਹੈ।

ਆਈਸਲੈਂਡ ਦੇ ਇੱਕ ਮਹਿਮਾਨ ਕਹਿੰਦੇ ਹਨ ਕਿ ਜਲਸੇ ਵਿੱਚ ਇਨ੍ਹੀਂ ਵੱਡੀ ਗਿਣਤੀ ਦੇ ਬਾਦ ਵੀ ਪਰਦੇ ਦਾ ਖਿਆਲ ਰੱਖਿਆ ਜਾਂਦਾ ਸੀ। ਇਹ ਕੋਈ ਮਾਮੂਲੀ ਗੱਲ੍ਹ ਨਹੀਂ ਹੈ।

ਹਜ਼ੂਰੇ ਅਨਵਰ ਨੇ ਹੋਰ ਦੇਸ਼ਾਂ ਤੋਂ ਆਏ ਮਹਿਮਾਨਾਂ ਦੇ ਵਿਚਾਰ ਬਿਆਨ ਕਰਨ ਦੇ ਬਾਦ ਫ਼ਰਮਾਇਆ ਕਿ ਇਹ ਕੁੱਝ ਵਿਚਾਰ ਸਨ। ਜੋ ਮੈਂ ਬਿਆਨ ਕੀਤੇ। ਜਲਸਾ ਸਲਾਨਾ ਦੇ ਨਤੀਜੇ ਵਿੱਚ ਬੈਅਤਾਂ ਦੀ ਰਿਪੋਰਟ ਇੰਝ ਹੈ ਕਿ ਗਿਨੀ ਬਸਾਓ ਦੇ ਇੱਕ ਪਿੰਡ ਦੇ ਨੰਬਰਦਾਰ ਦੀ 85 ਲੋਕਾਂ ਨਾਲ ਬੈਅਤ ਹੋਈ। ਤਨਜ਼ਾਨੀਆ ਵਿੱਚ ਇੱਕ ਪਿੰਡ ਦੇ ਇਮਾਮ ਮਸਜਿਦ ਅਤੇ ਨਾਈਜਰ ਵਿੱਚ ਇੱਕ ਮਦਰਸੇ ਦੀ ਮੁਅਲਿਮਾ ਦੀ ਬੈਅਤ ਹੋਈ ਕਾਂਗੋ ਬਰਾਜ਼ਵੀਲ ਵਿੱਚ ਜਲਸੇ ਦੌਰਾਨ 12 ਲੋਕਾਂ ਨੇ ਬੈਅਤ ਕੀਤੀ। ਪ੍ਰਚਾਰ ਵਿਭਾਗ ਯੂ ਕੇ ਦੀ ਰਿਪੋਰਟ ਇਹ ਹੈ ਕਿ ਜਲਸੇ ਦੇ ਦੌਰਾਨ ਯੂ ਕੇ ਨਾਲ ਸੰਬੰਧ ਰੱਖਣ ਵਾਲੇ 22 ਲੋਕਾਂ ਨੂੰ ਬੈਅਤ ਕਰਨ ਦੀ ਤੌਫ਼ੀਕ ਮਿਲੀ ਜੱਦ ਕਿ 1000 ਗੈਰ ਅਹਮਦੀ ਮਹਿਮਾਨ ਜਲਸੇ ਵਿੱਚ ਸ਼ਾਮਿਲ ਹੋਏ।

ਆਨ ਲਾਈਨ ਕਵਰੇਜ ਦੀ ਰਿਪੋਰਟ ਇਹ ਹੈ ਕਿ ਇਸ ਸਾਲ 50 ਵੈਬ ਸਾਇਟਸ ਉੱਤੇ ਜਲਸੇ ਦੀ ਖਬਰ ਪੜ੍ਹਣ ਵਾਲਿਆਂ ਦੀ ਗਿਣਤੀ 15 ਮਿਲੀਅਨ ਦੱਸੀ ਜਾਂਦੀ ਹੈ। ਪ੍ਰਿੰਟ ਕਵਰੇਜ ਲੇਖਾਂ ਦੀ ਗਿਣਤੀ 14 ਹੈ ਅਤੇ ਇਹਨਾਂ ਅਖਬਾਰਾਂ ਦੇ ਪੜ੍ਹਨ ਵਾਲਿਆਂ ਦੀ ਗਿਣਤੀ 05 ਮਿਲੀਅਨ ਦੱਸੀ ਜਾਂਦੀ ਹੈ। ਟੀ ਵੀ ਅਤੇ ਰੇਡੀਓ ਰਾਹੀਂ ਵੇਖਣ ਵਾਲਿਆਂ ਦੀ ਗਿਣਤੀ 10 ਮਿਲੀਅਨ ਦੱਸੀ ਜਾਂਦੀ ਹੈ। ਵੱਖੋ ਵੱਖ ਰੇਡੀਓ ਸਟੇਸ਼ਨਾਂ ਉੱਤੇ ਸੁਣਨ ਵਾਲਿਆਂ ਦੀ ਗਿਣਤੀ ਵੀ 10 ਮਿਲੀਅਨ ਹੈ। ਇੰਝ ਹੀ ਮਖ਼ੱਜ਼ਨੇ ਤਸਾਵੀਰ, ਹਿਸਟ੍ਰੀ ਅਤੇ ਹੋਰ ਵਿਭਾਗਾਂ ਦੀਆਂ ਨੁਮਾਇਸ਼ਾਂ ਵੇਖ ਕੇ ਵੀ ਬਹੁਤ ਸਾਰੇ ਲੋਕ ਬਹੁਤ ਪ੍ਰਭਾਵਿਤ ਹੋਏ ਹਨ। ਇਹ ਸਭ ਨੁਮਾਇਸ਼ਾਂ ਵੀ ਇੱਕ ਪ੍ਰਚਾਰ ਦਾ ਸਾਧਨ ਬਣੀ ਹਨ। ਰੱਬ ਦੇ ਫ਼ਜ਼ਲ ਨਾਲ 46 ਮਿਲੀਅਨ ਤੋਂ ਵੱਧ ਲੋਕਾਂ ਨੇ ਜਲਸਾ ਸਲਾਨਾ ਦੀ ਖਬਰ ਵੇਖੀ, ਸੁਣੀ ਅਤੇ ਅਗਲੇ ਕੁੱਝ ਦਿਨਾਂ ਵਿੱਚ ਹੋਰ ਕਵਰੇਜ ਦੀ ਉਮੀਦ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਰੱਬ ਦੇ ਫ਼ਜ਼ਲ ਨਾਲ ਜਿੱਥੇ ਇਹ ਜਲਸਾ ਆਪਣੀਆਂ ਲਈ ਸਿੱਖਲਾਈ ਅਤੇ ਰੂਹਾਨੀਅਤ ਵਿੱਚ ਤਰੱਕੀ ਦਾ ਸਾਧਨ ਬਣਿਆ ਹੈ। ਉੱਥੇ ਗੈਰਾਂ ਨੂੰ ਵੀ ਇਸਲਾਮ ਦੀ ਸਿੱਖਿਆ ਦੇ ਸਮਝਣ ਅਤੇ ਉਹਨਾਂ ਨੂੰ ਰੱਬ ਦੇ ਕਰੀਬ ਲਿਆਉਣ ਦਾ ਸਾਧਨ ਬਣਿਆ ਹੈ। ਸੋ, ਇਸ ਲਈ ਜਿੱਥੇ ਸਾਨੂੰ ਰੱਬ ਅੱਗੇ ਹੋਰ ਝੁਕਣਾ ਚਾਹੀਦਾ ਹੈ। ਉਸ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਉੱਥੇ ਇਸ ਵਚਨ ਉੱਤੇ ਵੀ ਕਾਯਮ ਰਹਿਣਾ ਚਾਹੀਦਾ ਹੈ ਕਿ ਅਸੀਂ ਸਦਾ ਰੱਬ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸੰਦੇਸ਼ ਨੂੰ ਪਹੁੰਚਾਉਣ ਲਈ ਪਹਿਲਾਂ ਨਾਲੋਂ ਵੱਧ ਕੇ ਕੋਸ਼ਿਸ਼ ਕਰਦੇ ਰਹਿਣਗੇ। ਰੱਬ ਇਸ ਦੀ ਤੌਫ਼ੀਕ ਬਖਸ਼ੇ

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ
اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ
رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ
اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ